ਦਫਤਰ ਚੇਅਰਮੈਨ,ਭਰਤੀ ਬੋਰਡ–ਕਮ– ਪ੍ਰਮੁੱਖ ਸਕੱਤਰ,ਸਕੂਲ ਸਿੱਖਿਆ ਵਿਭਾਗ,ਪੰਜਾਬ।
ਪੀ.ਐਸ.ਈ.ਬੀ ਕੰਪਲੈਕਸ,ਈ ਬਲਾਕ,ਪੰਜਵੀ ਮੰਜਿਲ,ਫੇਜ਼–8,ਐਸ.ਏ.ਐਸ ਨਗਰ।
(ਵੈਬਸਾਈਟ www.educationrecruitmentboard.com)

---

ਬੀ.ਪੀ.ਈ ਅਤੇ ਐਮ.ਪੀ.ਐਡ ਪਾਸ ਕੀਤੇ ਉਮੀਦਵਾਰਾਂ ਵੱਲੋਂ ਆਨ-ਲਾਈਨ ਫਾਰਮ ਭਰਨ ਲਈ ਜ਼ਰੂਰੀ ਹਦਾਇਤਾਂ

ਇਸ ਦਫਤਰ ਵੱਲੋਂ ਮਿਤੀ 24-01-2014 ਨੂੰ 645 ਡੀ.ਪੀ.ਈ.ਅਤੇ 25 ਲੈਕਚਰਾਰ ਸਰੀਰਕ ਸਿੱਖਿਆ ਦੀਆਂ ਅਸਾਮੀਆਂ ਨੂੰ ਠੇਕੇ ਤੇ ਭਰਤੀ ਕਰਨ ਲਈ ਅਜੀਤ ਅਤੇ ਹਿੰਦੋਸਤਾਨ ਟਾਈਮਜ ਅਖਬਾਰਾਂ ਵਿੱਚ ਵਿਗਿਆਪਨ ਦਿੱਤਾ ਗਿਆ ਸੀ, ਦੀ ਲਗਾਤਾਰਤਾ ਵਿੱਚ ਦੱਸਿਆ ਜਾਂਦਾ ਹੈ ਕਿ ਇਨ੍ਹਾ ਅਸਾਮੀਆਂ ਲਈ ਜਿਹੜੇ ਉਮੀਦਵਾਰਾਂ ਨੇ ਬੀ.ਪੀ.ਈ. ਅਤੇ ਐਮ.ਪੀ.ਐਡ ਕੋਰਸ ਪਾਸ ਕੀਤਾ ਹੈ ਉਹ ਉਮੀਦਵਾਰ ਵੀ ਡੀ.ਪੀ.ਈ. ਦੀ ਅਸਾਮੀ ਲਈ ਯੋਗ ਹਨ। ਉਹ ਉਮੀਦਵਾਰ ਵਿਭਾਗ ਦੀ ਵੈਬ ਸਾਈਟ ਤੇ ਦਰਸਾਏ ਪ੍ਰਫਾਰਮੇਂ ਵਿੱਚ ਅਪਲਾਈ ਕਰਨ ਵੇਲੇ ਐਮ.ਪੀ.ਐਡ ਦੇ ਨੰਬਰ ਬੀ.ਪੀ.ਐਡ. ਇੱਕ ਸਾਲਾ ਵਾਲੇ ਕਾਲਮ ਵਿੱਚ ਭਰਨਗੇ ਅਤੇ ਉਚੇਰੀ ਯੋਗਤਾ (ਐਮ.ਪੀ.ਐਡ) ਵਾਲਾ ਸਬੰਧਤ ਫਾਰਮ ਵਿੱਚ ਕਾਲਮ ਨਹੀਂ ਭਰਨਗੇ ਕਿਉਂਕਿ ਉਨ੍ਹਾ ਦੀ ਐਮ.ਪੀ.ਐਡ ਦੀ ਉਚੇਰੀ ਯੋਗਤਾ ਨੂੰ ਬੀ.ਪੀ.ਐਡ ਇੱਕ ਸਾਲ ਦੀ ਮੁੱਢਲੀ ਯੋਗਤਾ ਦੇ ਬਰਾਬਰ ਮੰਨ ਲਿਆ ਗਿਆ ਹੈ। ਜੇਕਰ ਉਮੀਦਵਾਰਾ ਨੇ ਐਮ ਫਿਲ ਅਤੇ ਪੀ.ਐਚ.ਡੀ ਕੀਤੀ ਹੈ ਤਾਂ ਉਹ ਉਚੇਰੀ ਯੋਗਤਾ ਵਾਲੇ ਅੰਕ ਸਬੰਧਤ ਕਾਲਮਾਂ ਵਿੱਚ ਹੀ ਭਰਨਗੇ ।

1/2/14.

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਬੋਰਡ।